# ਦਫ਼ਤਰ ਡਾਇਰੈਕਟਰ ਜਨਰਲ ਸਕੂਲ ਸਿੱਖਿਆ ਵਿਭਾਗ,ਪੰਜਾਬ
# ਸਰਵ ਸਿੱਖਿਆ ਅਭਿਆਨ ਅਥਾਰਟੀ (ਪੰਜਾਬ)

ਐਸ.ਸੀ.ਓ.ਨੰ:104-106, ਦੂਜੀ ਅਤੇ ਤੀਜੀ ਮੰਜ਼ਿਲ ਸੈਕਟਰ 34-ਏ ਚੰਡੀਗੜ੍ਹ।

---

ਵੱਲ

1. ਰਾਜ ਦੇ ਸਮੂਹ ਜ਼ਿਲ੍ਹਾ ਸਿੱਖਿਆ ਅਫ਼ਸਰ (ਸੈ.ਸਿ.)।
2. ਰਾਜ ਦੇ ਸਮੂਹ ਸਕੂਲ ਮੁੱਖੀ (ਵੈੱਬ-ਸਾਈਟ ਰਾਹੀਂ)।

ਮੀਮੋ ਨੰ:ਸਸਅ/ਐਮਸੀ/2011/17689-17709
ਮਿਤੀ,ਚੰਡੀਗੜ੍ਹ 08-03-2011

ਵਿਸ਼ਾ :- ਛੇਵੀਂ ਤੋਂ ਨੌਵੀਂ ਜਮਾਤਾਂ ਤੱਕ ਦੀ ਸਾਲਾਨਾ ਪ੍ਰੀਖਿਆ ਸਬੰਧੀ।

1.0 ਇਸ ਦਫ਼ਤਰ ਦੇ ਪੱਤਰ ਨੰ:ਸਸਅ/ਐਮਸੀ/2011/16750-16770 ਮਿਤੀ,ਚੰਡੀਗੜ੍ਹ 21-02-2011 ਦੀ ਲਗਾਤਾਰਤਾ ਵਿੱਚ।

2.0 ਉਪਰੋਕਤ ਹਵਾਲਾ ਅਧੀਨ ਵਿਸ਼ੇ ਵੱਲ ਧਿਆਨ ਦੇਣ ਦੀ ਖੇਚਲ ਕੀਤੀ ਜਾਵੇ।

3.0 ਜਿਵੇਂ ਕਿ ਆਪ ਜੀ ਨੂੰ ਪਤਾ ਹੀ ਹੈ ਕਿ ਸਕੂਲ ਸਿੱਖਿਆ ਵਿਭਾਗ, ਪੰਜਾਬ ਵੱਲੋਂ ਮਿਤੀ 09-03-2011 ਤੋਂ 21-03-2011 ਤੱਕ ਛੇਵੀਂ ਤੋਂ ਅੱਠਵੀਂ ਜਮਾਤਾਂ ਤੱਕ ਦੀ ਸਲਾਨਾ ਪ੍ਰੀਖਿਆ ਅਤੇ ਨੌਵੀਂ ਜਮਾਤ ਦੀ ਦੂਜੇ ਸਮੈਸਟਰ ਦੀ ਫਾਈਨਲ ਪ੍ਰੀਖਿਆ ਲਈ ਜਾ ਰਹੀ ਹੈ।

4.0 ਆਪ ਨੂੰ ਲਿਖਿਆ ਜਾਂਦਾ ਹੈ ਕਿ ਇਸ ਪ੍ਰੀਖਿਆ ਨੂੰ ਸਫ਼ਲ ਅਤੇ ਨਿਰਪੱਖ ਬਣਾਉਣ ਲਈ ਸਮੂਹ ਸਕੂਲ ਮੁੱਖੀਆਂ ਨੂੰ ਹਦਾਇਤ ਕੀਤੀ ਜਾਵੇ ਕਿ :-

4.1 ਸਮੂਹ ਸਕੂਲਾਂ ਵਿੱਚ ਪਹੁੰਚੇ ਪ੍ਰਸ਼ਨ ਪੱਤਰ ਸਿਰਫ਼ ਪੇਪਰ ਵਾਲੇ ਦਿਨ ਹੀ ਖੋਲ੍ਹੇ ਜਾਣ । ਇਨ੍ਹਾਂ ਦੀ ਕਿਸੇ ਕਿਸਮ ਦੀ ਲੀਕੇਜ਼ ਅਤੇ ਲਾਪ੍ਰਵਾਹੀ ਲਈ ਸਬੰਧਤ ਸਕੂਲ ਮੁੱਖੀ ਜ਼ਿੰਮੇਵਾਰ ਹੋਵੇਗਾ।

4.2 ਪ੍ਰੀਖਿਆ ਪੂਰੀ ਤਰ੍ਹਾਂ ਨਕਲ ਰਹਿਤ ਕਰਵਾਉਣਾ ਯਕੀਨੀ ਬਣਾਇਆ ਜਾਵੇ ਇਸ ਵਿੱਚ ਪਾਈ ਕੋਈ ਕੋਈ ਵੀ ਅਣਗਹਿਲੀ ਸਖ਼ਤ ਨੋਟਿਸ

ਚਲਦਾ ਪੰਨਾ...

ਲਿਆ ਜਾਵੇਗਾ।

4.3 ਸਮੂਹ ਜ਼ਿਲ੍ਹਾ ਸਿੱਖਿਆ ਅਫ਼ਸਰ (ਸੈ.ਸਿ.) ਆਪਣੇ ਪੱਧਰ ਤੇ ਜ਼ਿਲ੍ਹਾ ਇੰਸਪੈਕਸ਼ਨ ਦੀ ਸਹਾਇਤਾ ਨਾਲ ਪੂਰੇ ਜ਼ਿਲ੍ਹੇ ਲਈ ਫਲਾਇੰਗ ਸਕੁਐਡ ਅਤੇ ਆਬਜ਼ਵਰ ਲਗਾਏ ਜਾਣ ਤਾਂ ਜੋ ਸਲਾਨਾ ਪ੍ਰੀਖਿਆ ਲੈਣ ਦਾ ਮੰਤਵ ਪੂਰਾ ਹੋ ਸਕੇ।

4.0 ਸਮੂਹ ਸਕੂਲ ਮੁੱਖੀਆਂ ਨੂੰ ਲਿਖਿਆ ਜਾਵੇ ਕਿ ਸਕੂਲ ਵਿੱਚ ਪੇਪਰ ਵਾਲੇ ਦਿਨ ਵਿਦਿਆਰਥੀਆਂ ਦੀ 100% ਹਾਜ਼ਰੀ ਯਕੀਨੀ ਬਣਾਈ ਜਾਵੇ।

5.0 ਸਮੂਹ ਸਕੂਲ ਮੁੱਖੀਆਂ ਨੂੰ ਲਿਖਿਆ ਜਾਂਦਾ ਹੈ ਕਿ ਡੇਟਸ਼ੀਟ ਵਿਦਿਆਰਥੀਆਂ ਨੂੰ ਨੋਟ ਕਾਪੀ ਤੇ ਨੋਟ ਕਰਵਾਈ ਜਾਵੇ।

7.0 ਉਪਰੋਕਤ ਹਦਾਇਤਾਂ ਦੀ ਇੰਨ-ਬਿੰਨ ਪਾਲਣਾ ਕੀਤੀ ਜਾਵੇ।

ਡਾਇਰੈਕਟਰ ਜਨਰਲ ਸਕੂਲ ਸਿੱਖਿਆ
ਪੰਜਾਬ,ਚੰਡੀਗੜ੍ਹ